# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

(ਸੀਕਰੇਸੀ-ਸ਼ਾਖਾ)

ਨੰਬਰ.8579/ਸੀਕਰੇਸੀ
ਮਿਤੀ...7/7/..2020

## ਕੋਰੀਜੈਂਡਮ (CORRIGENDUM)

ਵਿਸ਼ਾ:- ਜਵਾਬ-ਕਾਪੀਆਂ ਦੀ ਰੱਦੀ ਵੇਚਣ ਸਬੰਧੀ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਜਵਾਬ-ਕਾਪੀਆਂ ਦੀ ਤਕਰੀਬਨ 35,000 ਕਿੱਲੋ ਰੱਦੀ ਵੇਚਣ ਲਈ ਸੀਲ ਬੰਦ ਲਿਫ਼ਾਫੇ ਵਿੱਚ ਕੁਟੇਸ਼ਨਾਂ 15-06-2020 ਬਾਅਦ ਦੁਪਹਿਰ 02:00 ਵਜੇ ਤੱਕ ਰਜਿਸਟਰਡ ਡਾਕ/ਸਪੀਡ ਪੋਸਟ/ਕੋਰਿਯਰ ਰਾਹੀਂ ਮੰਗੀਆਂ ਗਈਆਂ ਸਨ।

ਪਰ ਦਫ਼ਤਰੀ ਕਾਰਣ ਕਰਕੇ ਹੁਣ **ਕੁਟੇਸ਼ਨਾਂ ਦੁਬਾਰਾਂ ਪ੍ਰਾਪਤ ਕਰਨ ਲਈ ਮਿਤੀ 20-07-2020 ਬਾਅਦ ਦੁਪਹਿਰ 02:00 ਵਜੇ ਤੱਕ ਵਧਾਈ ਜਾਂਦੀ ਹੈ।** ਇਹ ਕੁਟੇਸ਼ਨਾਂ ਕੰਟਰੋਲਰ (ਪ੍ਰੀਖਿਆਵਾਂ) ਦੇ ਨਾਂ ਤੇ ਕੰਟਰੋਲਰ (ਪ੍ਰੀਖਿਆਵਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਦਫਤਰ ਵਿਖੇ ਮਿਤੀ 20-07-2020 ਬਾਅਦ ਦੁਪਹਿਰ 02:00 ਵਜੇ ਤੱਕ ਰਜਿਸਟਰਡ ਡਾਕ/ਸਪੀਡ ਪੋਸਟ/ਕੋਰਿਯਰ ਰਾਹੀਂ ਹਰ ਹਾਲਤ ਵਿਚ ਪੁੱਜਦੀਆਂ ਹੋਣ। ਲਿਫਾਫੇ ਉਪਰ **"ਜਵਾਬ-ਕਾਪੀਆਂ ਦੀ ਰੱਦੀ ਦੀ ਖਰੀਦ ਲਈ ਕੁਟੇਸ਼ਨ"** ਲਿਖਿਆ ਹੋਣਾ ਚਾਹੀਦਾ ਹੈ। ਕੁਟੇਸ਼ਨ ਦੇ ਨਾਲ 100,000/- ਰੁਪਏ (ਇਕ ਲੱਖ ਰੁਪਏ) ਦਾ ਡਿਮਾਂਡ ਡਰਾਫ਼ਟ ਜੋ ਕਿ **ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੇ ਨਾਮ ਅਤੇ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ, ਬਤੌਰ ਜਮਾਨਤੀ ਰਕਮ ਅਤੇ ਬਤੌਰ ਟੈਂਡਰ ਪ੍ਰੋਸੈਸਿੰਗ ਫੀਸ (ਨਾ ਮੁੜਨ ਯੋਗ) 5,000/- ਰੁਪਏ (ਪੰਜ ਹਜਾਰ ਰੁਪਏ) ਦਾ ਡਿਮਾਂਡ ਡਰਾਫ਼ਟ ਜੋ ਕਿ **ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦੇ ਨਾਮ ਅਤੇ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇ, ਨਾਲ ਨੱਥੀ ਕੀਤਾ ਜਾਵੇ।

ਰੱਦੀ ਚੁੱਕਣ ਤੋਂ ਪਹਿਲਾਂ ਫ਼ਰਮਾਂ/ਟੈਂਡਰਕਾਰਾਂ ਨੂੰ ਯੂਨੀਵਰਸਿਟੀ ਨਾਲ ਇਕਰਾਰਨਾਮਾ ਕਰਨਾ ਹੋਵੇਗਾ, ਜਿਸ ਦੀਆਂ ਸ਼ਰਤਾਂ ਇਸ ਪੱਤਰ ਦੇ ਨਾਲ ਨੱਥੀ ਪ੍ਰਫੋਰਮੇ ਤੇ ਅੰਕਿਤ ਹਨ। ਕੁਟੇਸ਼ਨ ਮਨਜ਼ੂਰ ਹੋਣ ਦੀ ਸੂਰਤ ਵਿੱਚ ਪ੍ਰਵਾਨਗੀ ਪ੍ਰਾਪਤ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਪੂਰੀ ਅਦਾਇਗੀ ਦੇ ਕੇ ਰੱਦੀ ਚੁੱਕਣੀ ਹੋਵੇਗੀ।

ਕੁਟੇਸ਼ਨ ਹੇਠ ਦਿਤੇ ਪ੍ਰੋਫਾਰਮੇ ਤੇ ਪਾਸਪੋਰਟ ਸਾਈਜ਼ ਦੀ ਤਸਦੀਕ ਸ਼ੁਦਾ ਫੋਟੋ ਲਗਾਉਂਦੇ ਹੋਏ, ਰਿਹਾਇਸ਼ ਦੇ ਸਬੂਤ ਅਤੇ ਪਹਿਚਾਣ ਪੱਤਰ ਦੀ ਫੋਟੋਕਾਪੀ ਸਹਿਤ ਭੇਜੀ ਜਾਵੇ। **ਅਧੂਰੀ ਕੁਟੇਸ਼ਨ ਕਿਸੇ ਵੀ ਸੂਰਤ ਵਿਚ ਸਵੀਕਾਰ ਨਹੀਂ ਕੀਤੀ ਜਾਵੇਗੀ। ਕੁਟੇਸ਼ਨ ਵਿਚ ਦਿੱਤੇ ਗਏ ਰੇਟ ਤੋਂ ਇਲਾਵਾ ਸਰਕਾਰੀ ਨਿਯਮਾਂ ਅਨੁਸਾਰ ਲੱਗਣ ਵਾਲਾ ਟੈਕਸ ਖਰੀਦਦਾਰ ਵੱਲੋਂ ਹੀ ਭਰਿਆ ਜਾਵੇਗਾ।**

**Conditions :**

1. **The Registrar reserves the right to reject the quotation without assigning any reason before/after opening of the quotations and the Any one shall have no right of any claim whatsoever for the same on this account.**
2. **In case of any dispute, the jurisdiction will be Patiala(Punjab) only.**

7/7/2020
ਕੰਟਰੋਲਰ (ਪ੍ਰੀਖਿਆਵਾਂ)

ਕੁਟੇਸ਼ਨਾਂ ਲਈ ਪ੍ਰੋਫਾਰਮਾ:

ਜਵਾਬ-ਕਾਪੀਆਂ ਦੀ ਰੱਦੀ ਖ਼ੀਦਣ ਲਈ ਯੂਨੀਵਰਸਿਟੀ ਨਾਲ ਕੀਤੇ ਜਾਣ ਵਾਲੇ ਇਕਰਾਰਨਾਮੇ ਦੀਆਂ ਸ਼ਰਤਾਂ ਮੈਂ ਪੜ੍ਹ ਲਈਆਂ ਹਨ ਤੇ ਮੈਨੂੰ ਸਵੀਕਾਰ ਹਨ। ਜਵਾਬ-ਕਾਪੀਆਂ ਦੀ ਰੱਦੀ ਮੈਂ ...............ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਖ਼ੀਦਣ ਦਾ ਰੇਟ ਦਿੰਦਾ ਹਾਂ। ਜਮਾਨਤੀ ਰਕਮ ਵੱਜੋਂ 100,000/- ਰੁਪਏ ਦਾ ਡਿਮਾਂਡ ਡਰਾਫ਼ਟ ਨੰ: ......................ਮਿਤੀ ......................., ਟੈਂਡਰ ਪ੍ਰੋਸੈਸਿੰਗ ਫੀਸ (ਨਾ ਮੁੜਨ ਯੋਗ) ਵੱਜੋਂ 5,000/- ਰੁਪਏ ਦਾ ਡਿਮਾਂਡ ਡਰਾਫ਼ਟ ਨੰ: .....................ਮਿਤੀ .......................,ਰਿਹਾਇਸ਼ ਦਾ ਸਬੂਤ ਅਤੇ ਪਹਿਚਾਣ ਪੱਤਰ ਦੀ ਕਾਪੀ ਵੀ ਨੱਥੀ ਹੈ।

ਟੈਂਡਰਕਾਰ ਦੇ ਹਸਤਾਖਰ...............

ਟੈਂਡਰਕਾਰ ਦਾ ਪੂਰਾ ਨਾਮ...............

ਪਤਾ...................................

.........................................

ਫੋਨ/ਮੋਬਾਇਲ ਨੰ..........................

ਗਲੀ/ਮੁਹੱਲੇ ਦੇ ਕਿਸੇ ਜਾਣਕਾਰ ਦੀ ਗਵਾਹੀ:

ਹਸਤਾਖਰ..............................

ਪੂਰਾ ਨਾਮ.............................

ਪਤਾ..................................

ਟੈਲੀਫੋਨ/ਮੋਬਾਇਲ ਨੰ..................

# ਇਕਰਾਰਨਾਮਾ

ਮੈਂ...................., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਇਕਰਾਰ ਕਰਦਾ ਹਾਂ ਕਿ ਜਵਾਬ-ਕਾਪੀਆਂ ਦੀ ਰੱਦੀ ਖ੍ਰੀਦਣ ਲਈ ਯੂਨੀਵਰਸਿਟੀ ਵੱਲੋਂ ਲਗਾਈਆਂ ਹੇਠ ਲਿਖੀਆਂ ਸ਼ਰਤਾਂ ਮੈਨੂੰ ਸਵੀਕਾਰ ਹਨ ਤੇ ਇਨ੍ਹਾਂ ਦੀ ਪਾਲਣਾ ਕਰਦੇ ਹੋਏ ਮੈਂ ਇਹ ਰੱਦੀ ਚੁੱਕ ਲਵਾਂਗਾ:-

01) ਮੈਂ ਜਵਾਬ-ਕਾਪੀਆਂ ਦੀ ਰੱਦੀ ਦੀ ਖ੍ਰੀਦ ਅਦਾਇਗੀ ਰੇਟ ................. ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਕਰਾਂਗਾ।

02) ਯੂਨੀਵਰਸਿਟੀ ਦੀ ਸੀਕਰੇਸੀ ਸ਼ਾਖਾ ਦੇ ਕੈਂਪਸ ਵਿੱਚ ਦੱਸੇ ਗਏ ਗੋਦਾਮਾਂ ਤੋਂ ਇਹ ਰੱਦੀ ਚੁੱਕਣ ਦਾ ਪ੍ਰਬੰਧ ਮੇਰਾ ਆਪਣਾ ਹੋਵੇਗਾ। ਇਹ ਰੱਦੀ ਚੁਕਵਾਉਣ/ਬੋਰੀਆਂ ਵਿੱਚ ਭਰਾਈ ਅਤੇ ਰੱਦੀ/ਬੋਰੀਆਂ ਦੀ ਢੋਆ-ਢੁਆਈ ਲਈ ਲੱਗਣ ਵਾਲੀ ਲੇਬਰ ਦਾ ਪ੍ਰਬੰਧ ਤੇ ਉਸ ਤੇ ਆਉਣ ਵਾਲਾ ਸਾਰਾ ਖਰਚਾ ਆਦਿ ਮੇਰੇ ਵੱਲੋਂ ਕੀਤਾ ਜਾਵੇਗਾ।

03) ਇਕਰਾਰਨਾਮੇ ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋਏ, ਪੂਰੀ ਅਦਾਇਗੀ ਕਰਕੇ ਮੈਂ ਸਾਰੀ ਰੱਦੀ ਮਿਤੀ ............. ਤੱਕ ਚੁੱਕ ਲਵਾਂਗਾ।

04) ਰੱਦੀ ਦਾ ਭਰਿਆ ਕੋਈ ਵੀ ਟਰੱਕ ਮੇਨ ਗੇਟ ਤੋਂ ਬਾਹਰ ਲਿਜਾਣ ਤੋਂ ਪਹਿਲਾਂ ਭਰੇ ਟਰੱਕ ਦੀ ਬਣਦੀ ਅੰਦਾਜ਼ਨ ਕੀਮਤ ਦਫ਼ਤਰ ਵਿੱਚ ਅਗੇਤੇ ਤੌਰ ਤੇ ਨਗਦ/ਡਰਾਫਟ ਜਮ੍ਹਾਂ ਕਰਵਾਵਾਂਗਾ।

05) ਜਿਸ ਦਿਨ ਵੀ ਰੱਦੀ ਭਰਿਆ ਟਰੱਕ ਲੋਡ ਕੀਤਾ ਜਾਵੇਗਾ, ਉਸ ਦਿਨ ਉਹ ਟਰੱਕ ਸ਼ਾਮ ਨੂੰ 4:30 ਵਜੇ ਤੱਕ ਮੇਨ ਗੇਟ ਤੋਂ ਬਾਹਰ ਲੈ ਜਾਵਾਂਗਾ। ਜੇਕਰ ਟਰੱਕ ਪੂਰਾ ਲੋਡ ਨਾ ਹੋਣ ਕਰਕੇ ਜਾਂ ਹੋਰ ਕਿਸੇ ਮੇਰੇ ਆਪਣੇ ਕਾਰਣ ਕਰਕੇ ਸ਼ਾਮ ਨੂੰ 4:30 ਵਜੇ ਤੱਕ ਮੇਨ ਗੇਟ ਤੋਂ ਬਾਹਰ ਟਰੱਕ ਨਾ ਲਿਜਾ ਸਕਿਆ ਤਾਂ ਉਹ ਟਰੱਕ ਉਸ ਦਿਨ ਸ਼ਾਮ/ਰਾਤ ਨੂੰ ਕੈਂਪਸ ਵਿਖੇ ਹੀ ਖੜਾ ਰਹੇਗਾ, ਅਗਲੇ ਦਿਨ ਸਵੇਰੇ 10.00 ਵਜੇ ਤੱਕ ਲੈ ਕੇ ਜਾਵਾਂਗਾ।

06) ਮਿਤੀ .....................ਨੂੰ ਸ਼ਾਮ 4:30 ਵਜੇ ਤੱਕ ਆਖ਼ਰੀ ਟਰੱਕ ਲੋਡ ਕਰਕੇ ਜਮਾਨਤੀ ਰਕਮ, ਐਡਜਸਟ ਕਰਦੇ ਹੋਏ, ਆਖਰੀ ਟਰੱਕ ਦੀ ਬਾਕੀ ਸਾਰੀ ਅਦਾਇਗੀ ਅੰਦਾਜ਼ਨ ਨਗਦ/ਡਰਾਫਟ ਅਦਾ ਕਰਕੇ ਮੈਂ ਰੱਦੀ ਚੁੱਕ ਲਵਾਂਗਾ। ਜੇਕਰ ਇਸ ਮਿਤੀ ਤੱਕ ਪੂਰੀ ਰੱਦੀ ਨਾ ਚੁੱਕ ਸਕਿਆ ਤਾਂ ਅਗਲੇ ਪੰਜ ਦਿਨਾਂ ਵਿੱਚ, ਇੱਕ ਹਜ਼ਾਰ ਰੁਪਏ ਪ੍ਰਤੀ ਦਿਨ, ਦੀ ਦਰ ਨਾਲ ਜੁਰਮਾਨਾ ਅਦਾ ਕਰਦੇ ਹੋਏ ਰੱਦੀ ਚੁੱਕ ਲਵਾਂਗਾ। ਮੇਰੇ ਵੱਲੋਂ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੇਰਾ ਟੈਂਡਰ ਰੱਦ ਸਮਝਿਆ ਜਾਵੇ ਤੇ ਜਵਾਬ-ਕਾਪੀਆਂ ਦੀ ਰੱਦੀ ਕਿਸੇ ਹੋਰ ਪਾਰਟੀ ਨੂੰ ਦੇ ਦਿੱਤੀ ਜਾਵੇ, ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

07) ਰੱਦੀ ਦੀ ਤੁਲਵਾਈ ਅਤੇ ਖਾਲੀ ਟਰੱਕ ਦੀ ਤੁਲਵਾਈ ਦਾ ਖ਼ਰਚਾ ਮੈਂ (ਟੈਂਡਰਕਾਰ) ਅਦਾ ਕਰਾਂਗਾ। ਖਾਲੀ ਅਤੇ ਭਰੇ ਟਰੱਕਾਂ ਦੀ ਤੁਲਵਾਈ ਯੂਨੀਵਰਸਿਟੀ ਦਫ਼ਤਰ ਵੱਲੋਂ ਦੱਸੇ ਦੋ-ਦੋ ਕੰਡਿਆਂ ਤੇ ਮੇਰੇ ਵੱਲੋਂ ਕਰਵਾਈ ਜਾਵੇਗੀ ਅਤੇ ਵੱਧ ਭਾਰ ਵਾਲੇ ਤੋਲ ਨੂੰ ਹੀ ਮੰਨਿਆ ਜਾਵੇਗਾ।

08) ਕਿਸੇ ਵੀ ਕਾਨੂੰਨੀ ਵਾਦ-ਵਿਵਾਦ ਨੂੰ ਸੁਲਝਾਉਣ ਲਈ ਜੁਰਿਸਡਿਕਸ਼ਨ ਪਟਿਆਲਾ ਕੋਰਟ ਹੋਵੇਗੀ।

09) ਜੇਕਰ ਮੈਂ ਉਪਰੋਕਤ ਸਾਰੀਆਂ ਸ਼ਰਤਾਂ ਜਾਂ ਇਨ੍ਹਾਂ ਵਿੱਚੋਂ ਕਿਸੇ ਇਕ ਵੀ ਸ਼ਰਤ ਨੂੰ/ਦੀ/ਮੰਨਣ/ਪਾਲਣਾ ਕਰਨ ਤੋਂ ਅਸਮਰਥ ਰਹਾਂ ਤਾਂ ਮੇਰੇ ਵੱਲੋਂ ਜਮ੍ਹਾਂ ਕਰਵਾਈ ਗਈ 100,000/- ਰੁਪਏ (ਇਕ ਲੱਖ ਰੁਪਏ) ਜ਼ਮਾਨਤ ਦੀ ਰਕਮ ਜ਼ਬਤ ਕਰ ਲਈ ਜਾਵੇ, ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ। ਉਸ ਸਥਿਤੀ ਵਿੱਚ, ਇਸਦੇ ਨਾਲ ਹੀ, ਮੇਰੇ ਵੱਲੋਂ ਦਿੱਤਾ ਇਹ ਟੈਂਡਰ ਰਜਿਸਟਰਾਰ ਸਾਹਿਬ ਨੂੰ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਉਹ ਜਵਾਬ-ਕਾਪੀਆਂ ਦੀ ਰੱਦੀ ਕਿਸੇ ਵੀ ਢੰਗ ਨਾਲ, ਜੋ ਉਨ੍ਹਾਂ ਨੂੰ ਠੀਕ ਲੱਗੇ, ਕਿਸੇ ਦੂਸਰੀ ਪਾਰਟੀ ਨੂੰ ਦੁਬਾਰਾ ਵੇਚ ਸਕਦੇ ਹਨ, ਉਸ ਪ੍ਰਤੀ ਮੈਨੂੰ ਕੋਈ ਉਜ਼ਰ ਨਹੀਂ ਹੋਵੇਗਾ। ਇਸ ਤਰ੍ਹਾਂ ਦੁਬਾਰਾ ਵੇਚਣ ਦੀ ਪ੍ਰਕਿਰਿਆ ਵਿੱਚ ਯੂਨੀਵਰਸਿਟੀ ਨੂੰ ਜੋ ਵੀ ਵਿੱਤੀ ਨੁਕਸਾਨ/ਘਾਟਾ ਹੋਵੇਗਾ, ਉਹ ਮੇਰੇ ਦੁਆਰਾ ਭਰਿਆ ਜਾਵੇਗਾ।

10) **ਜਵਾਬ-ਕਾਪੀਆਂ ਦੀ ਖਰੀਦ ਤੇ ਸਰਕਾਰ ਵੱਲੋਂ ਜੋ ਵੀ ਟੈਕਸ ਲੱਗੇਗਾ ਉਹ ਮੇਰੇ ਵੱਲੋਂ (ਖਰੀਦਦਾਰ ਵੱਲੋਂ) ਭਰਿਆ ਜਾਵੇਗਾ**

ਮਿਤੀ: ................

ਨਾਮ.......................................

ਪਤਾ .......................................

.............................................

ਫੋਨ ਨੰ:....................................